Tender Heart High school Sec- 33 B chd


Class-6

Ramandeep Kaur

Topic- ਅਣ-ਡਿੱਠਾ ਪੈਰ੍ਹਾ

Page-1 (lang)

ਵਿਦਿਆਰਥੀਓ ਇਸ ਹਫਤੇ ਅਸੀਂ ਅਣਡਿੱਠਾ ਪੈਰ੍ਹਾ ਤੁਹਾਡੇ ਨਾਲ ਵਿਚਾਰਾਂਗੇ।



ਇੱਕ ਵਾਰੀ ਦੀ ਗੱਲ ਹੈ ਕਿ ਇੱਕ ਕਿਸਾਨ ਦੇ ਚਾਰ ਪੁੱਤਰ ਸਨ। ਉਹ ਸਦਾ ਆਪਸ ਵਿੱਚ ਲੜਦੇ ਹੀ ਰਹਿੰਦੇ ਸਨ। ਕਿਸਾਨ ਤੇ ਉਸ ਦੀ ਪਤਨੀ ਆਪਣੇ ਬੱਚਿਆਂ ਤੋਂ ਬਹੁਤ ਦੁਖੀ ਸਨ। ਬੱਚੇ ਵੱਡੇ ਹੋ ਰਹੇ ਸਨ ਪਰ ਉਨ੍ਹਾਂ ਦੇ ਝਗੜੇ ਵਧਦੇ ਜਾ ਰਹੇ ਸਨ। ਕਿਸਾਨ ਨੇ ਸੋਚਿਆ ਕਿ ਕਿਸੇ ਤਰੀਕੇ ਨਾਲ ਬੱਚਿਆਂ ਨੂੰ ਮਿਲ ਕੇ ਰਹਿਣ ਦਾ ਸਬਕ ਸਿਖਾਉਣਾ ਚਾਹੀਦਾ ਹੈ।

ਇੱਕ ਦਿਨ ਉਹ ਜਦੋਂ ਘਰ ਆਇਆ ਤਾਂ ਉਸ ਕੋਲ ਲੱਕੜੀਆਂ ਦਾ ਇੱਕ ਗੱਠਾ ਸੀ। ਉਸ ਨੇ ਆਪਣੇ ਚਾਰੇ ਪੁੱਤਰਾਂ ਨੂੰ ਆਪਣੇ ਕੋਲ ਬੁਲਾਇਆ। ਉਸ ਨੇ ਹਰ ਇੱਕ ਨੂੰ ਲੱਕੜੀ ਦਾ ਇੱਕ ਟੁਕੜਾ ਦਿੱਤਾ ਤੇ ਉਸ ਨੂੰ ਤੋੜਨ ਲਈ ਕਿਹਾ। ਹਰ ਇੱਕ ਨੇ ਇੱਕ ਝਟਕੇ ਨਾਲ ਹੀ ਉਸ ਲੱਕੜੀ ਦੇ ਦੋ ਟੁਕੜੇ ਕਰ ਦਿੱਤੇ।

ਹੁਣ ਕਿਸਾਨ ਨੇ ਲੱਕੜੀਆਂ ਦਾ ਇੱਕ ਗੱਠਾ ਲਿਆ ਕੇ ਆਪਣੇ ਪੁੱਤਰਾਂ ਨੂੰ ਤੋੜਨ ਵਾਸਤੇ ਦਿੱਤਾ। ਚਾਰਾਂ ਨੇ ਵਾਰੀ-ਵਾਰੀ ਬਹੁਤ ਜ਼ੋਰ ਲਾਇਆ ਪਰ ਕੋਈ ਵੀ ਉਸ ਗੱਠੇ ਨੂੰ ਤੋੜ ਨਾ ਸਕਿਆ।

ਕਿਸਾਨ ਨੇ ਸਮਝਾਇਆ ਕਿ ਮਿਲ ਕੇ ਰਹਿਣ ਵਿੱਚ ਬਹੁਤ ਤਾਕਤ ਹੈ। ਮਿਲ ਕੇ ਕੰਮ ਕਰਨ ਨਾਲ ਸਾਰੇ ਕੰਮ ਅਸਾਨ ਹੋ ਜਾਂਦੇ ਹਨ। ਇਹ ਸੁਣ ਕੇ ਚਾਰਾਂ ਪੁੱਤਰਾਂ ਨੇ ਮੁੜ ਕੇ ਨਾ ਲੜਨ ਦਾ ਫ਼ੈਸਲਾ ਕਰ ਲਿਆ।

Class-6 | Ramandeep Kaur

Topic- ਅਣ-ਡਿੱਠਾ ਪੈਰਾ | Page- 2 (Lang.)

ਤੁਸੀਂ ਸਾਰਿਆਂ ਨੇ ਦਿੱਤੇ ਗਏ ਪੈਰੇ ਨੂੰ ਧਿਆਨ ਨਾਲ ਪੜ੍ਹਨਾ ਹੈ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਆਪ ਲਿਖਣ ਦਾ ਯਤਨ ਕਰਨਾ। ਇਹਨਾਂ ਦੇ ਉੱਤਰ ਤੁਹਾਡੇ ਨਾਲ ਜਮਾਤ ਵਿੱਚ ਵਿਚਾਰੇ ਜਾਣਗੇ।

1. ਕਿਸਾਨ ਦੇ ਕਿੰਨੇ ਪੁੱਤਰ ਸੀ?
2. ਕਿਸਾਨ ਨੇ ਆਪਣੇ ਪੁੱਤਰਾਂ ਨੂੰ ਕਿਸ ਚੀਜ਼ ਦਾ ਦ੍ਰਿਸ਼ਟਾਂਤ ਦਿਖਾਇਆ?
3. ਕਿਸਾਨ ਦੇ ਪੁੱਤਰ ਕੀ ਨਹੀਂ ਤੋੜ ਸਕੇ?
4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।
5. ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ।

1. ਬੱਚੀਔ    4 ਕੀਸਾਨ
2. ਬੂਲਾਈਆ    5 ਕੰਮ
3 ਲਕੜੀ    6 ਸਮਜਾਇਆ

ਉਪਰੋਕਤ ਸਾਰੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਪੈਰ੍ਹੇ ਵਿੱਚੋਂ ਪੜ੍ਹ ਕੇ ਲਿਖਣੇ ਹਨ।

ਧੰਨਵਾਦ

(Last page)